**GURU NANAK DEV UNIVERSITY, AMRITSAR**

**(Established by the State Legislature Act No. 21 of 1969 and University with Potential for Excellence recognized by UGC)**

YOUTH WELFARE DEPARTMENT

No. 578-807
Date 8-10-21

ਅਤੀ ਜਰੂਰੀ

ਡੀਨ ਯੂਨੀਵਰਸਿਟੀ, ਡੀਨ ਐਸੋਸੀਏਟ ਕੈਂਪਸਜ਼,
ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,

**ਵਿਸ਼ਾ: ਸਾਲ 2021-22 ਲਈ ਯੂਨੀਵਰਸਿਟੀ ਜ਼ੋਨਲ ਯੂਥ ਫੈਸਟੀਵਲਾਂ ਲਈ ਐਂਟਰੀ ਸਬੰਧੀ।**

ਸ੍ਰੀ ਮਾਨ/ਸ੍ਰੀ ਮਤੀ ਜੀ,

ਬੇਨਤੀ ਹੈ ਕਿ ਵਿਭਾਗ ਦੁਆਰਾ ਯੁਵਕ ਮੇਲਿਆਂ ਦਾ ਆਯੋਜਨ 19 ਅਕਤੂਬਰ, 2021 ਤੋਂ ਯੂਨੀਵਰਸਿਟੀ ਵਿਖੇ ਹੋਣ ਜਾ ਰਿਹਾ ਹੈ। ਫੈਸਟੀਵਲ ਵਿਚ ਹਿੱਸਾ ਲੈਣ ਲਈ ਐਂਟਰੀ ਫਾਰਮ ਅਤੇ Eligibility Proforma of Student ਸਬੰਧਿਤ ਕਾਲਜ ਦੁਆਰਾ ਭਰ ਕੇ ਭੇਜੇ ਜਾਣੇ ਹਨ। ਆਪ ਜੀ ਸਬੰਧਿਤ ਟੀਚਰ-ਇੰਚਾਰਜ਼ ਨੂੰ ਹਦਾਇਤ ਕਰਨ ਦੀ ਖੇਚਲ ਕਰਨਾ ਕਿ ਐਂਟਰੀ ਫਾਰਮ ਪੂਰੀ ਤਰ੍ਹਾਂ ਭਰਕੇ ਕਾਲਜ ਪ੍ਰਿੰਸੀਪਲ ਦੇ ਹਸਤਾਖਰ ਕਰਵਾ ਕੇ ਐਂਟਰੀ ਫੀਸ ਸਮੇਤ, ਜੋ ਕਿ 2000/-ਰੁਪੈ ਹੈ, ਵਿਭਾਗ ਨੂੰ ਸਮੇ ਸਿਰ ਭੇਜ ਦਿੱਤੀ ਜਾਵੇ। ਫੈਸਟੀਵਲਾਂ ਵਿਚ ਹਿੱਸਾ ਲੈਣ ਲਈ ਫੈਸਟੀਵਲਾਂ ਦਾ ਸ਼ੈਡਿਊਲ ਅਤੇ ਐਂਟਰੀ ਫਾਰਮ ਭੇਜੇ ਜਾਣ ਲਈ ਨਿਰਧਾਰਿਤ ਕੀਤੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ:

| Name of the Zonal Youth Festival | Festival Dates | Last date of Entry Fee | Date for lots |
|---|---|---|---|
| "B"-ZONE (Gsp,Pkt,T.T) | 19 -21 Oct, 2021 | 11 Oct, 2021 | 13 Oct, 2021 |
| "Education Colleges" | 25 -27 Oct, 2021 | 17 Oct, 2021 | 19 Oct, 2021 |
| Govt./Constituent college./Associate Institutes | 29-31 Oct, 2021 | 20 Oct, 2021 | 22 Oct, 2021 |
| "D" ZONE (Kpt, N.Sh) | 06-09 Nov, 2021 | 27 Oct, 2021 | 29 Oct, 2021 |
| "C" – ZONE (Jalandhar Colleges) | 12 -15 Nov, 2021 | 1 Nov, 2021 | 5 Nov, 2021 |
| "A" – ZONE (Amritsar Colleges) | 26-29 Nov, 2021 | 15 Nov,2021 | 18 Nov,2021 |

ਅਤੀ ਜਰੂਰੀ ਨੋਟ :ਉਪਰੋਕਤ ਦਰਸਾਈਆਂ ਗਈਆਂ ਅੰਤਿਮ ਮਿਤੀਆਂ ਤੋਂ ਬਾਅਦ ਕੋਈ ਐਂਟਰੀ ਫਾਰਮ ਨਹੀ ਲਿਆ ਜਾਏਗਾ।

ਐਂਟਰੀ ਫਾਰਮ ਪ੍ਰਾਪਤ ਹੋਣ ਉਪਰੰਤ ਲਾਟਸ ਕੱਢਣ ਦੀਆਂ ਮਿਤੀਆਂ ਹੇਠ ਲਿਖਤ ਅਨੁਸਾਰ ਹੈ :

| Name of Zonal Youth Festival | Venu , Date & Time |
|---|---|
| "B"-ZONE (Gsp,Pkt,T.T) | 13 Oct, 2021 10:30 AM (Youth Welfare Office) |
| "Education Colleges" | 19 Oct, 2021 10:30 AM (Youth Welfare Office) |
| Govt./Constituent college./Associate Institutes | 22 Oct, 2021 10:30 AM (Youth Welfare Office) |
| "D" ZONE (Kpt, N.Sh) | 29 Oct, 2021 10:30 AM (Youth Welfare Office) |
| "C" – ZONE (Jalandhar Colleges) | 5 Nov, 2021 10:30 AM (Youth Welfare Office) |
| "A" – ZONE (Amritsar Colleges) | 18 Nov,2021 10:30 AM (Youth Welfare Office) |

ਜ਼ੋਨਲ ਯੂਥ ਫੈਸਟੀਵਲ ਲਈ ਪਹਿਲਾਂ ਭੇਜੀ ਗਈ ਕਿਸੇ ਵੀ ਆਈਟਮ ਦੀ ਐਂਟਰੀ ਵਾਪਸ ਲੈਣ ਦੀ ਅੰਤਿਮ ਮਿਤੀ ਲਾਟਸ ਕੱਢਣ ਵਾਲੇ ਦਿਨ ਤੱਕ ਹੀ ਹੋਵੇਗੀ।

ਐਂਟਰੀ ਫੀਸ ਬੈਂਕ ਡਰਾਫਟ ਦੇ ਰੂਪ ਵਿਚ ਭੇਜੀ ਜਾਏ ਅਤੇ ਡਰਾਫਟ **"Director Youth Welfare"** ਦੇ ਨਾਮ ਹੋਵੇ ਅਤੇ **Payable at Amritsar** ਹੋਣਾ ਚਾਹੀਦਾ ਹੈ।

ਚਲਦਾ-2

**GURU NANAK DEV UNIVERSITY, AMRITSAR**

**(Established by the State Legislature Act No. 21 of 1969 and University with Potential for Excellence recognized by UGC)**

YOUTH WELFARE DEPARTMENT


No. 578-807

Date 8-10-21



ਫੈਸਟੀਵਲ ਵਿਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਨਾਲ ਸਬੰਧਿਤ ਦਸਤਾਵੇਜ਼ ਵਿਭਾਗ ਨੂੰ ਅਤੀ ਜ਼ਰੂਰੀ ਲੋੜੀਂਦੇ ਹਨ। ਇਸ ਲਈ ਹੇਠ ਲਿਖਤ ਦਸਤਾਵੇਜ਼ ਹਰ ਹਾਲਤ ਵਿਚ ਵਿਭਾਗ ਨੂੰ ਭੇਜੇ ਜਾਣ ਦੀ ਕਾਰਵਾਈ ਕੀਤੀ ਜਾਏ ਜੀ :

1. ਫੈਸਟੀਵਲ ਵਿਚ ਹਿੱਸਾ ਲੈਣ ਵਾਲੇ ਹਰੇਕ ਵਿਦਿਆਰਥੀ ਦਾ Eligibility Proforma of Student ਜੋ ਕਿ ਹਰੇਕ ਪੱਖ ਤੋਂ ਪੂਰੀ ਤਰ੍ਹਾਂ ਭਰਿਆ ਹੋਏ, ਕਾਲਜ ਪ੍ਰਿੰਸੀਪਲ ਦੁਆਰਾ ਦਸਤਖਤ ਕੀਤਾ ਹੋਏ ਅਤੇ ਭਾਗੀਦਾਰ ਦੀਆਂ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਦੁਆਰਾ 2 ਤਸਦੀਕ ਸ਼ੁਦਾ ਫੋਟੋ ਲੱਗੀਆਂ ਹੋਣ, ਫੋਟੋ ਕਾਲਜ ਵਿਚਲੇ ਰਿਕਾਰਡ ਨਾਲ ਮੇਲ ਖਾਂਦੀ ਹੋਏ।
2. ਜਨਮ ਤਾਰੀਖ ਦੇ ਸਬੂਤ ਵਜੋਂ ਹਰੇਕ ਵਿਦਿਆਰਥੀ ਦੇ ਮੈਟ੍ਰੀਕੁਲੇਸ਼ਨ ਸਰਟੀਫਿਕੇਟ ਦੀ ਫੋਟੋ ਕਾਪੀ, ਕੋਵਿਡ ਵੈਕਸੀਨੇਸ਼ਨ ਸਰਟੀਫਿਕੇਟ ਦੀ ਫੋਟੋ ਕਾਪੀ ਜੋ ਕਿ ਕਾਲਜ ਪ੍ਰਿੰਸੀਪਲ ਦੁਆਰਾ ਤਸਦੀਕ ਕੀਤੀ ਹੋਵੇ, ਹਰ ਹਾਲਤ ਵਿਚ Eligibility Proforma of Student ਦੇ ਨਾਲ ਨੱਥੀ ਕੀਤੇ ਜਾਣ।
3. ਅਗਰ ਕਿਸੇ ਭਾਗੀਦਾਰ ਦੀ ਉਮਰ 18 ਸਾਲ ਤੋਂ ਘੱਟ ਹੈ ਤਾਂ ਉਸ ਭਾਗੀਦਾਰ ਤੋਂ Undertaking ਜ਼ਰੂਰ ਲੈ ਲਈ ਜਾਵੇ।
4. ਜੋ ਰੀਟਰਨ ਯੂਨੀਵਰਸਿਟੀ ਰਜਿਸਟਰੇਸ਼ਨ ਬ੍ਰਾਂਚ ਨੂੰ ਭੇਜੀ ਗਈ ਹੋਵੇ, ਉਸ ਦੀ ਫੋਟੋ ਕਾਪੀ, ਜੋ ਕਿ ਕਾਲਜ ਪ੍ਰਿੰਸੀਪਲ ਦੁਆਰਾ ਤਸਦੀਕ ਕੀਤੀ ਹੋਏ। ਐਂਟਰੀ ਫਾਰਮ ਵਿਚ ਦਰਸਾਏ ਵਿਦਿਆਰਥੀਆਂ ਦੇ ਨਾਂਵਾਂ ਦੀ ਸੂਚੀ ਨੂੰ ਯੂਨੀਵਰਸਿਟੀ ਰਜਿਸਟਰੇਸ਼ਨ ਬ੍ਰਾਂਚ ਨੂੰ ਭੇਜੀ ਗਈ ਰੀਟਰਨ ਨਾਲ ਮੇਲ ਖਾਂਦੀ ਹੋਵੇ।
5. ਰਿਜ਼ਰਵ ਭਾਗੀਦਾਰਾ ਦੀ ਸੂਚੀ ਜੋ ਕਿ ਕਾਲਜ ਦੇ ਪ੍ਰਿੰਸੀਪਲ ਦੁਆਰਾ ਦਸਤਖਤ ਕੀਤੀ ਹੋਵੇ Eligibility Proforma of Student ਸਮੇਤ ਭੇਜੀ ਜਾਵੇ ਤਾਂ ਜੋ ਲੋੜ ਪੈਣ ਤੇ ਉਸ ਸੂਚੀ ਵਿਚੋ ਹੀ ਭਾਗੀਦਾਰ ਨੂੰ ਬਦਲਿਆ ਜਾ ਸਕੇ। ਭੇਜੀ ਗਈ ਸੂਚੀ ਤੋਂ ਇਲਾਵਾ ਕਿਸੇ ਦੂਸਰੇ ਭਾਗੀਦਾਰ ਨੂੰ ਭਾਗ ਲੈਣ ਦੀ ਆਗਿਆ ਨਹੀ ਦਿੱਤੀ ਜਾਵੇਗੀ।
6. ਯੁਵਕ ਮੇਲੇ ਦੋਰਾਨ ਭਾਗ ਲੈਣ ਵਾਲੇ ਭਾਗੀਦਾਰਾਂ (ਵਿਦਿਆਰਥੀ, ਅਕੰਪਨੀਸਟ) ਤੋ ਇਲਾਵਾ ਵਿਦਿਆਰਥੀਆਂ ਦੀ ਗਿਣਤੀ 10 ਤੋਂ ਜਿਆਦਾ ਨਾ ਹੋਵੇ। 10 ਵਿਦਿਆਰਥੀਆਂ ਦੀ ਸੂਚੀ ਬਣਾ ਕੇ ਵਿਭਾਗ ਨੂੰ ਪਹਿਲਾ ਭੇਜੀ ਜਾਵੇ।
7. ਅਕੰਮੋਡੇਸ਼ਨ ਲਈ ਹਰੇਕ ਕਾਲਜ ਫੈਸਟੀਵਲ ਦੇ ਆਯੋਜਨ ਤੋਂ ਕੁੱਝ ਦਿਨ ਪਹਿਲਾਂ ਭਾਗੀਦਾਰਾਂ ਦਾ ਵੇਰਵਾ ਭੇਜ ਦੇਵੇ ਤਾਂ ਜੋ ਲੋੜੀਂਦੇ ਪ੍ਰਬੰਧ ਵਿਭਾਗ ਦੁਆਰਾ ਕੀਤੇ ਜਾਣ।
8. **ਸਾਰੇ ਯੁਵਕ ਮੇਲੇ ਪੰਜਾਬ ਸਰਕਾਰ ਦੁਆਰਾ ਜਾਰੀ ਕੋਵਿਡ ਹਦਾਇਤਾਂ ਅਨੁਸਾਰ ਹੀ ਕਰਵਾਏ ਜਾਣਗੇ।**

ਉਪਰੋਕਤ ਨੂੰ ਅਤੀ ਜ਼ਰੂਰੀ ਸਮਝਿਆ ਜਾਏ ਤੇ ਐਂਟਰੀ ਫਾਰਮ ਉਪਰੋਕਤ ਦਰਸਾਏ ਦਸਤਾਵੇਜ਼, ਐਂਟਰੀ ਫੀਸ ਸਮੇਤ ਉਪੋਰਕਤ ਦਰਸਾਈਆਂ ਅੰਤਿਮ ਮਿਤੀਆਂ ਤੱਕ ਵਿਭਾਗ ਨੂੰ ਹਰ ਹਾਲਤ ਵਿਚ ਭੇਜ ਦਿੱਤੇ ਜਾਣ ਤਾਂ ਕਿ ਲੋੜੀਂਦੀ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

ਧੰਨਵਾਦ ਤੇ ਸਤਿਕਾਰ ਸਹਿਤ,

(ਪ੍ਰੋ: ਅਨੀਸ਼ ਕੁਮਾਰ ਦੂਆ)
ਇੰਚਾਰਜ
ਯੁਵਕ ਭਲਾਈ ਵਿਭਾਗ

ਨੱਥੀ : ਐਂਟਰੀ ਫਾਰਮ, Eligibility Proforma of Student & Rule Book

*Contact No. 0183-2823173 Email: youthwelfare@gndu.ac.in*